ਟੀ ਜੀ – ਫੇਮ ਸੀਰੀਜ਼

ਟਾਰਗੇਟ ਗਰੁੱਪ ਵਿੱਤੀ ਜਾਗਰੂਕਤਾ ਸੰਦੇਸ਼




# ਵਿੱਤੀ ਸਾਖਰਤਾ



## ਵਿੱਤੀ ਸਾਖਰਤਾ ਸਵੈ ਸਹਾਇਤਾ ਸਮੂਹਾਂ ਲਈ

ਵਿੱਤੀ ਸ਼ਮਾਵੇਸ਼ਨ ਅਤੇ ਵਿਕਾਸ ਵਿਭਾਗ, ਭਾਰਤੀ ਰਿਜ਼ਰਵ ਬੈਂਕ

**ਸੰਦੇਸ਼ 1**

ਸਵੈ ਇੱਛਕ ਗਰੁੱਪ ਬੱਚਤ ਬੈਂਕ ਖਾਤੇ ਲਈ (ਕੇ.ਵਾਈ.ਸੀ.) ਗਾਹਕ ਨੂੰ ਜਾਣੋ

**ਸੰਦੇਸ਼ 2**

ਜਮਾਨਤ ਅਤੇ ਸੁਰੱਖਿਆ ਨਿਯਮ

**ਸੰਦੇਸ਼ 3**

ਸਵੈ ਇੱਛਕ ਬੱਚਤ

**ਸੰਦੇਸ਼ 4**

ਸਵੈ ਸਹਾਇਤਾ ਗਰੁੱਪਾਂ ਦੇ ਉਚਿਤ ਸਿਧਾਂਤ (ਭਾਗ 1)

**ਸੰਦੇਸ਼ 5**

ਸਵੈ ਸਹਾਇਤਾ ਗਰੁੱਪਾਂ ਦੇ ਉਚਿਤ ਸਿਧਾਂਤ (ਭਾਗ 2)




# ਸਵੈ ਸਹਾਇਤਾ ਗਰੁੱਪ



ਸਵੈ ਇੱਛਕ ਗਰੁੱਪ ਬੱਚਤ ਬੈਂਕ ਖਾਤੇ ਲਈ ਕੇ.ਵਾਈ.ਸੀ.
ਜਮਾਨਤ ਅਤੇ ਸੁਰੱਖਿਆ ਨਿਯਮ
ਸਵੈ ਇੱਛਕ ਬੱਚਤ
ਸਵੈ ਸਹਾਇਤਾ ਗਰੁੱਪਾਂ ਦੇ ਉਚਿਤ ਸਿਧਾਂਤ (ਭਾਗ 2) ਨਿਯਮ ਬੱਧ ਮੁੜ ਅਦਾਇਗੀ ਅਤੇ ਬੁੱਕ ਕੀਪਿੰਗ
ਸਵੈ ਸਹਾਇਤਾ ਗਰੁੱਪਾਂ ਦੇ ਉਚਿਤ ਸਿਧਾਂਤ (ਭਾਗ 1) : ਸਮੇਂ ਸਮੇਂ ਤੇ ਬੈਠਕਾਂ, ਸਮੇਂ ਸਮੇਂ ਤੇ ਬੱਚਤਾਂ ਅਤੇ ਨਿਯਮਿਤ ਅੰਦਰੂਨੀ ਕਰਜ਼ਾ ਦੇਣਾ

## ਸੰਦੇਸ਼ 1 : ਸਵੈ ਇੱਛਕ ਗਰੁੱਪ ਬੱਚਤ ਬੈਂਕ ਖਾਤੇ ਲਈ (ਕੇ.ਵਾਈ.ਸੀ.) ਗਾਹਕ ਨੂੰ ਜਾਣੋ

ਮੰਨ ਲਓ ਕਿ ਤੁਸੀਂ ਜਮ੍ਹਾ ਅਤੇ ਉਧਾਰ ਗਤੀਵਿਧੀਆਂ ਵਿੱਚ 10-20 ਲੋਕਾਂ ਨੂੰ ਇਕੱਠਾ ਕਰਕੇ ਇਕ ਐਸ.ਐਚ.ਜੀ. (ਸਵੈ ਸਹਾਇਤਾ ਗਰੁੱਪ) ਦਾ ਗਠਨ ਕੀਤਾ ਹੈ ਅਤੇ ਹੁਣ ਤੁਸੀਂ ਐਸ.ਐਚ.ਜੀ. ਲਈ ਬਚਤ ਬੈਂਕ ਖਾਤਾ ਖੋਲ੍ਹਣਾ ਚਾਹੁੰਦੇ ਹੋ।


### ਸਵੈ ਸਹਾਇਤਾ ਗਰੁੱਪ

**ਇਕੱਠੇ ਹੋਣ ਦਾ ਮਕਸਦ : ਗਰੁੱਪ ਲਈ ਬਚਤ ਅਤੇ ਕਰਜ਼ਾ ਸਹੂਲਤਾਂ**




ਅਹੁੱਦੇਦਾਰ

ਬੈਂਕ ਖਾਤਾ ਖੋਲ੍ਹਣ ਲਈ ਚੈਕ ਲਿਸਟ (ਜਰੂਰਤਾਂ)



ਸਾਰੇ ਅਹੁਦੇਦਾਰਾਂ ਦੇ ਕੇ.ਵਾਈ.ਸੀ.




ਸਵੈ-ਸਹਾਇਤਾ ਗਰੁੱਪ ਵਲੋਂ ਖਾਤਾ ਖੋਲ੍ਹਣ ਲਈ ਅਹੁਦੇਦਾਰਾਂ ਨੂੰ ਅਧਿਕਾਰਤ ਕਰਨ ਦਾ ਮਤਾ



ਸਾਰੇ ਗਰੁੱਪ ਮੈਂਬਰਾਂ ਦੇ ਕੇ.ਵਾਈ.ਸੀ.

ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਐਸ.ਐਚ.ਜੀ. ਦੇ ਬਚਤ ਬੈਂਕ ਖਾਤੇ ਖੋਲ੍ਹਣ ਲਈ ਸਾਰੇ ਮੈਂਬਰਾਂ ਦੀ ਕੇ.ਵਾਈ.ਸੀ.ਜਾਂਚ ਦੀ ਜਰੂਰਤ ਨਹੀਂ ਹੈ। ਸਾਰੇ ਅਹੁਦੇਦਾਰਾਂ ਦੀ ਕੇ.ਵਾਈ.ਸੀ. ਹੀ ਕਾਫੀ ਹੋਵੇਗੀ। ਹਾਲਾਂਕਿ ਐਸ.ਐਚ.ਜੀ. ਵਲੋਂ ਖਾਤਾ ਖੋਲ੍ਹਣ ਲਈ ਅਧਿਕਾਰਤ ਅਹੁਦੇਦਾਰਾਂ ਦੇ ਨਾਮ ਨੂੰ ਦਰਸਾਉਦਾ ਐਸ.ਐਚ.ਜੀ. ਦਾ ਮਤਾ ਪਾਸ ਕੀਤਾ ਜਾਣਾ ਜਰੂਰੀ ਹੈ।

## ਸੰਦੇਸ਼ 2 : ਜਮਾਨਤ ਅਤੇ ਸੁਰੱਖਿਆ ਨਿਯਮ




ਕਰਜ਼ ਦਾ ਰਾਸ਼ੀ = 1-4 ਗੁਣਾ ਮੂਲਧਨ,
ਜੇ ਮੂਲਧਨ ਦੀ ਕੀਮਤ 10000 ਰੁਪਏ ਹੈ ਤਾਂ
ਕਰਜ਼ਾ 10000 ਤੋਂ 40000 ਰੁਪਏ ਦੇ
ਵਿਚਕਾਰ ਹੋ ਸਕਦਾ ਹੈ।

ਬੈਂਕ ਤੁਹਾਡੇ ਕੁੱਲ ਮੂਲਧਨ ਦੇ ਆਧਾਰ 'ਤੇ ਸਵੈ-ਸਹਾਇਤਾ ਸਮੂਹ ਨੂੰ ਉਧਾਰ ਦੀ ਮਨਜ਼ੂਰੀ ਦੇ ਸਕਦਾ ਹੈ। ਮੰਨ ਲਓ ਤੁਹਾਡੇ ਸਵੈ-ਸਹਾਇਤਾ ਸਮੂਹਾਂ ਕੋਲ 10000 ਰੁਪਏ ਦਾ ਇਕ ਮੂਲਧਨ ਹੈ (ਸਵੈ-ਸਹਾਇਤਾ ਸਮੂਹਾਂ ਕੋਲ ਨਕਦ ਬਕਾਏ ਦੇ ਰੂਪ ਵਿਚ + ਬੈਂਕ ਕੇ ਬਚਤ ਖਾਤੇ ਵਿਚ ਬਕਾਇਆ + ਮੈਂਬਰਾਂ ਨੂੰ ਉਧਾਰ ਦਿੱਤੀ ਗਈ ਰਾਸ਼ੀ) ਕਰਜ਼ੇ ਦੀ ਰਾਸ਼ੀ 10000 ਤੋਂ 40000 ਰੁਪਏ ਤੱਕ ਹੋ ਸਕਦੀ ਹੈ।


**ਸਵੈ-ਸਹਾਇਤਾ ਸਮੂਹਾਂ ਨੂੰ ਕਰਜ਼ਾ ਲੈਣ ਲਈ ਕੋਈ ਸਮਰਥਕ ਸੁਰੱਖਿਆ ਨਹੀਂ।**

ਮੂਲਧਨ ਤੋਂ 4 ਗੁਣਾਂ ਜਿਆਦਾ ਕਰਜ਼ਾ ਸੰਭਵ ਹੈ ਜੇਕਰ –
- ਸਵੈ-ਸਹਾਇਤਾ ਸਮੂਹ ਕਈ ਸਾਲਾਂ ਤੋਂ ਸਫਲਤਾ ਪੂਰਵਕ ਕੰਮ ਕਰ ਰਹੇ ਹਨ
- ਸਮੇਂ ਸਿਰ ਪਿਛਲੇ ਕਰਜ਼ੇ ਦੀ ਅਦਾਇਗੀ।
- ਕ੍ਰੈਡਿਟ ਸਹੂਲਤਾਂ ਦੀ ਜ਼ਿੰਮੇਦਾਰੀ ਨਾਲ ਵਰਤੋਂ ਕੀਤੀ।

## ਸੰਦੇਸ਼ 3 : ਸਵੈ ਇੱਛਕ ਬਚਤ

ਆਮ ਤੌਰ 'ਤੇ ਐਸ.ਐਚ.ਜੀ. ਦੇ ਮੈਂਬਰ ਦੇ ਤੌਰ ਤੇ, ਤੁਸੀਂ ਹਫਤੇਵਾਰ/ਪੰਦਰਵਾਸੀ/ ਮਹੀਨੇਵਾਰ ਸਵੈ-ਸਹਾਇਤਾ ਸਮੂਹ ਦੀਆਂ ਮੀਟਿੰਗਾਂ ਵਿੱਚ ਇੱਕ ਨਿਸ਼ਚਿਤ ਰਕਮ ਵਜੋਂ ਲਾਜ਼ਮੀ ਯੋਗਦਾਨ ਪਾ ਰਹੇ ਹੋ। ਤੁਹਾਡੀ ਕਮਾਈ ਕਰਨ ਦੀ ਸਮਰਥਾ ਅਤੇ ਬਚਾਉਣ ਦੀ ਸਮਰਥਾ ਸਮੇਂ ਦੇ ਨਾਲ ਨਾਲ ਵੱਧ ਜਾਵੇਗੀ ਅਤੇ ਇਹ ਗਰੁੱਪ ਦੇ ਦੂਸਰੇ ਮੈਂਬਰਾਂ ਤੋਂ ਅਲੱਗ ਹੋ ਸਕਦੀ ਹੈ। ਤੁਸੀਂ ਆਪਣੀ ਸਵੈ ਮਰਜ਼ੀ ਮੁਤਾਬਕ ਬਾਕੀ ਬਚੀਆਂ ਬੱਚਤਾਂ ਦੀ ਨਿਸ਼ਚਿਤ ਮਾਤਰਾ ਤੋਂ ਵੱਧ ਯੋਗਦਾਨ ਪਾ ਸਕਦੇ ਹੋ ਜਿਵੇਂਕਿ ਦੂਸਰੇ ਮੈਂਬਰ ਪਾਉਂਦੇ ਹਨ।

ਇਕ ਗਰੁੱਪ ਦੇ ਵਿਅਕਤੀਗਤ ਮੈਂਬਰ ਦੋ ਬੱਚਤਾਂ ਵਿਚ ਭਾਗੀਦਾਰ ਹੋ ਸਕਦੇ ਹਨ, ਇਕ ਸਮੂਹ ਦੁਆਰਾ ਤੈਅ ਕੀਤੇ ਅਤੇ ਦੂਜੇ ਸਵੈ-ਇੱਛਾ ਅਨੁਸਾਰ।




ਤੁਸੀਂ ਆਪਣੀ ਬੱਚਤ ਤੋ ਜਿਆਦਾ ਆਮਦਨ ਨੂੰ ਆਪਣੇ ਮੌਜੂਦਾ ਵਿਅਕਤੀਗਤ ਬੱਚਤ ਖਾਤੇ ਨੂੰ ਮੁੜ ਜੀਵਿਤ ਕਰ ਸਕਦੇ ਹੋ ਇਕ ਵਿਅਕਤੀਗਤ ਬੈਂਕ ਖਾਤਾ ਖੋਲ੍ਹ ਸਕਦੇ ਹੋ ਤਾਂਕਿ ਇਹੋ ਜਿਹੀਆਂ ਬਚਤਾਂ ਤੋਂ ਭਵਿੱਖ ਵਿਚ ਨਿਯੋਜਿਤ ਖਰਚਿਆਂ ਨੂੰ ਪੂਰਾ ਕੀਤਾ ਜਾ ਸਕੇ। ਇਹਦੇ ਨਾਲ ਹੀ ਸਮੂਹ ਵਿੱਚ ਆਵੇਦਸ ਲਾਜ਼ਮੀ ਬੱਚਤ ਅਤੇ ਉਪਰ ਸਵੈ ਇਛਾ ਬੱਚਤਾ ਦੇ ਰੂਪ ਵਿੱਚ ਖੁਦ ਐਸ.ਐਚ.ਜੀ ਵਿਚ ਤੁਹਾਡੀ ਵਾਧੂ ਆਮਦਨ ਰੱਖ ਸਕਦੇ ਹੋ। ਤੁਹਾਨੂੰ ਇਹ ਯਕੀਨੀ ਬਨਾਉਣਾ ਹੋਵੇਗਾ ਕਿ ਇਸ ਲਈ ਵੱਖਰੇ ਟ੍ਰੈਕ ਰੱਖੇ ਜਾਣੇ ਲਈ ਸਵੈ ਸਹਾਇਤਾ ਸਮੂਹਾਂ ਵਿਚ ਇਕ ਢੁੱਕਵੀਂ ਲੇਖਾ ਪ੍ਰਣਾਲੀ ਹੈ।

ਸਵੈ-ਇੱਛੁਕ ਬਚਤਾਂ ਨੂੰ ਦੋ ਤਰੀਕਿਆਂ ਨਾਲ ਗਿਣਿਆ ਜਾ ਸਕਦਾ ਹੈ।

1) ਕਾਰਪਸ ਸਮੂਹ ਦੇ ਭਾਗ ਦਾ ਗਠਨ ਨਾ ਕਰਨਾ
2) ਕਾਰਪਸ ਸਮੂਹ ਦ ਇਕ ਹਿੱਸੇ ਦੇ ਰੂਪ ਵਿਚ ਅਤੇ ਇੰਟਰਾ ਗਰੁੱਪ ਨੂੰ ਉਧਾਰ ਲਈ ਇਸਤੇਮਾਲ

(2) ਉਪਰੋਕਤ ਦੇ ਮਾਮਲੇ ਵਿਚ, ਇਸ ਨੂੰ ਬੈਂਕ ਤੋਂ ਸਮੂਹ ਨੂੰ ਲੋਨ ਦੀ ਮਾਤਰਾ ਦਾ ਮੁਲਾਂਕਣ ਕਰਨ ਲਈ ਵੀ ਸਵੈ-ਇਛਾ ਬੱਚਤਾ ਨੂੰ ਗਿਣਿਆ ਜਾਵੇਗਾ, ਜਿਸ ਦਾ ਤੁਹਾਡੇ ਸਵੈ-ਸਹਾਇਤਾ ਸਮੂਹ ਨੂੰ ਲਾਭ ਹੋ ਸਕਦਾ ਹੈ ਕਿਉਂਕਿ ਸਵੈ -ਸਹਾਇਤਾ ਸਮੂਹ ਬੈਂਕ ਤੋਂ ਕਰਜ਼ੇ ਦੀ ਇਕ ਵੱਡੀ ਮਾਤਰਾ ਪ੍ਰਾਪਤ ਕਰ ਸਕਦੇ ਹਨ। ਸਵੈ-ਸਹਾਇਤਾ ਸਮੂਹਾਂ ਦੇ ਮੈਂਬਰ ਸਾਂਝੇ ਤੌਰ 'ਤੇ ਇਸ ਬਾਰੇ ਫੈਸਲਾ ਕਰਨਗੇ ਕਿ ਸਮੂਹ ਦੇ ਮੈਂਬਰ ਦੁਆਰਾ ਸਵੈ-ਇੱਛਤ ਬਚਤ ਸਮੂਹ ਦੁਆਰਾ ਵਿਆਜ ਆਮਦਨੀ ਜਾਂ ਲਾਭਅੰਸ਼ ਵਿਚ ਅਨੁਪਾਤਕ ਹਿੱਸੇਦਾਰ ਹੋਣ ਯੋਗ ਹਨ ਜਾਂ ਨਹੀਂ।

## ਸੰਦੇਸ਼ 4 : ਸਵੈ ਸਹਾਇਤਾ ਗਰੁੱਪਾਂ ਦੇ ਉਚਿਤ ਸਿਧਾਂਤ (ਭਾਗ 1)



### ਨਿਯਤ ਕਾਲੀ ਬੈਠਕਾਂ

ਸਵੈ-ਸਹਾਇਤਾ ਸਮੂਹ ਦੇ ਮੈਂਬਰ ਬੈਠਕਾਂ ਦੀ ਸਮਾਂ ਸੀਮਾ ਨਿਰਧਾਰਿਤ ਕਰਨਗੇ। ਇਸ ਤਰ੍ਹਾਂ ਦੀ ਬੈਠਕਾਂ ਆਮ ਤੌਰ ਤੇ ਹਫਤਾਵਾਰ ਆਧਾਰ ਤੇ ਹੋਣੀਆਂ ਚਾਹੀਦੀਆਂ ਹਨ, ਪਰੰਤੂ ਸਵੈ ਸਹਾਇਤਾ ਸਮੂਹਾਂ ਦੀ ਸੁਵਿਧਾ ਅਨੁਸਾਰ ਪੰਦਰਵਾਸੀ/ਮਹੀਨਾਵਾਰ ਵੀ ਕੀਤੀਆਂ ਜਾ ਸਕਦੀਆਂ ਹਨ

ਨਿਯਮਿਤ ਬੈਠਕਾਂ ਅਤੇ ਨਿਯਮਿਤ ਹਾਜ਼ਰੀ : ਨਿਯਮਿਤ ਸਮੂਹ ਬੈਠਕਾਂ ਕਰਨਾ ਅਤੇ ਸਮੂਹ ਮੀਟਿੰਗਾਂ ਵਿਚ ਕੁੱਲ ਭਾਗੀਦਾਰੀ ਸਵੈ-ਸਹਾਇਤਾਂ ਸਮੂਹਾਂ ਦੀ ਪ੍ਰਭਾਵਸ਼ੀਲਤਾ ਲਈ ਮਜਬੂਤੀ ਪ੍ਰਦਾਨ ਕਰਦੀ ਹੈ। ਇਸ ਨੂੰ ਪ੍ਰਾਪਤ ਕਰਨ ਲਈ ਸਵੈ ਸਹਾਇਤਾ ਸਮੂਹਾਂ ਨੂੰ ਨਿਯਮਿਤ ਮੀਟਿੰਗਾਂ ਤੇ ਮਜਬੂਤ ਜੋਰ ਦੇਣਾ ਚਾਹੀਦਾ ਹੈ, ਅਤੇ ਸਮੂਹ ਮੀਟਿੰਗ ਵਿਚ ਸਾਰੇ ਮੈਂਬਰ ਹਾਜਰ ਹੋਣੇ ਚਾਹੀਦੇ ਹਨ। ਇਹੋ ਜਿਹੀਆਂ ਬੈਠਕਾਂ ਤੁਹਾਨੂੰ ਇਕ ਦੂਜੇ ਦੇ ਨੇੜੇ ਲਿਆਉਂਦੀਆਂ ਹਨ ਕਿਉਂਕਿ ਤੁਸੀਂ ਇਕ ਦੂਜੇ ਦੀਆਂ ਚੁਣੌਤੀਆਂ ਨੂੰ ਬਿਹਤਰ ਸਮਝ ਸਕੋਗੇ।

ਸਮੂਹ ਦੀਆਂ ਮੀਟਿੰਗਾਂ ਵਿਚ ਸਾਰੇ ਮੈਂਬਰਾਂ ਦੀ ਪੂਰੀ ਭਾਗੀਦਾਰੀ ਤੁਹਾਡੇ ਸਮੂਹ ਦੀ ਸਥਿਰਤਾ ਨੂੰ ਸਹੂਲਤ ਪ੍ਰਦਾਨ ਕਰੇਗੀ ਜੋ ਕਿ ਸਾਰਿਆਂ ਦੇ ਲਾਭ ਅਤੇ ਸੰਤੁਸ਼ਟੀ ਲਈ ਕੰਮ ਕਰਨਾ ਸ਼ੁਰੂ ਕਰ ਦੇਵੇਗੀ।

### ਨਿਯਤਕਾਲੀ ਬੱਚਤਾਂ



ਸਮੂਹ ਦੇ ਮੈਂਬਰ, ਗਰੀਬ ਵਰਗਾਂ ਦੀ ਯੋਗਤਾ ਦੇ ਅਧਾਰ ਤੇ, ਸਮੂਹ ਵਿਚ ਮੈਂਬਰਾਂ ਦੁਆਰਾ ਕੀਤੀ ਜਾਣ ਵਾਲੀ ਹਫਤਾਵਾਰ/ਮਿਆਦੀ ਬੱਚਤਾਂ ਦਾ ਯੋਗਦਾਨ ਪਾਉਣ ਸਬੰਧੀ ਫੈਸਲਾ ਕਰਨਗੇ।

ਜਮਾ ਦੀ ਆਦਤ (ਛੋਟੀਆਂ ਬੱਚਤਾਂ) ਸਵੈ ਸਹਾਇਤਾ ਸਮੂਹ ਲਈ ਬੁਨਿਆਦੀ ਹੈ ਅਤੇ ਇਕ ਮਜਬੂਤ ਸਾਂਝੇ ਫੰਡ ਨੂੰ ਬਨਾਉਣ ਵਿਚ ਮਦਦ ਕਰਦੀ ਹੈ। (ਫਾਇਦੇ : ਅਨੁਸ਼ਾਸਿਤ ਜਮ੍ਹਾਂ ਤੁਹਾਡੇ ਮੂਲਧਨ ਸਮੂਹ ਦੇ ਸੰਗ੍ਰਹਿ ਨੂੰ ਅਜਿਹੇ ਪੱਧਰ ਤੇ ਵਧਾਏਗਾ ਕਿ ਕਿਸੇ ਵੀ ਮੈਂਬਰ ਨੂੰ ਆਪਣੀਆਂ ਸੰਕਟਕਾਲੀ ਲੋੜਾਂ ਲਈ ਮੁਨਾਫਾਖੋਰਾਂ 'ਤੇ ਨਿਰਭਰ ਨਹੀਂ ਹੋਣਾ ਪਵੇਗਾ।)
ਆਪਣੇ ਮੂਲਧਨ ਤੋਂ ਲਿੱਤੇ ਅਦਰੂੰਨੀ ਕਰਜ਼ੇ ਅਜਿਹੀਆਂ ਜਰੂਰਤਾਂ ਨੂੰ ਪੂਰਾ ਕਰਨਗੇ। ਵਧਿਆ ਹੋਇਆ ਮੂਲਧਨ ਸਮੂਹ ਨੂੰ ਬੈਂਕਾਂ ਤੋਂ ਵਾਧੂ ਕਰਜ਼ ਲੈਣ ਵਿਚ ਯੋਗ ਬਣਾਏਗਾ।



## ਨਿਯਮਿਤ ਆਂਤਰਿਕ ਕਰਜ਼

ਇੱਕ ਵਾਰ ਜਦੋਂ ਸਵੈ ਸਹਾਇਤਾ ਸਮੂਹ ਨੇ ਬਚਤ ਦੇ ਰੂਪ ਵਿਚ ਵੱਡੀ ਰਕਮ ਇਕੱਠੀ ਕਰ ਲਈ ਹੈ, ਉਦਾਹਰਣ ਦੇ ਤੌਰ ਤੇ ਆਖਦੇ ਹਾਂ, ਲਗਭਗ 3-6 ਮਹੀਨੇ ਦੀ ਮਿਆਦ ਲਈ, ਮੈਂਬਰਾਂ ਨੂੰ ਸੰਕਟਕਾਲੀ ਖਪਤ ਅਤੇ ਪੂਰਕ ਆਮਦਨੀ ਪੈਦਾ ਕਰਨ ਦੀਆਂ ਲੋੜਾਂ ਲਈ ਉਨ੍ਹਾਂ ਦੀ ਬੱਚਤ ਦੇ ਵਿਰੁੱਧ ਕਰਜ਼ਾ ਲੈਣ ਦੀ ਇਜ਼ਾਜਤ ਦਿੱਤੀ ਜਾ ਸਕਦੀ ਹੈ।

- ਸਮੂਹ ਮੈਂਬਰਾਂ ਦੀਆਂ ਲੋੜਾਂ ਨੂੰ ਤਰਜੀਹ ਦਿੰਦੇ ਹੋਏ ਸਮੂਹ ਫੰਡ ਵਿਚੋ ਮੈਂਬਰ ਸਮੂਹ ਵਿੱਚੋਂ ਆਤਰਿਕ ਕਰਜ਼ਾ ਲੈਣਗੇ।
- ਸ਼ੁਰੂ ਵਿਚ ਕੁਝ ਸਮੇਂ ਲਈ ਆਪਣੇ ਸਾਂਝੇ ਫੰਡਾਂ ਦਾ ਪ੍ਰਬੰਧ ਕਰਦੇ ਹੋਏ, ਐਸ.ਐਚ.ਜੀ. ਮੈਂਬਰ ਨਾ ਸਿਰਫ ਇਕ-ਦੂਜੇ ਦੀਆਂ ਵਿੱਤੀ ਲੋੜਾਂ ਦਾ ਧਿਆਨ ਰੱਖਦੇ ਹਨ, ਸਗੋਂ ਵਿੱਤੀ ਪ੍ਰਬੰਧਨ ਅਤੇ ਵਿਚੋਲੀਏ ਦੇ ਆਪਣੇ ਹੁਨਰ ਨੂੰ ਵੀ ਵਿਕਸਿਤ ਕਰਦੇ ਹਨ।
- ਮੈਂਬਰਾਂ ਨੂੰ ਕਰਜ਼ਾ ਦੇਣਾ, ਵਿਆਜ ਦਰ ਨਿਰਧਾਰਨ, ਮਿਆਦੀ ਕਰਜ਼ ਦੀਆਂ ਕਿਸ਼ਤਾਂ ਅਤੇ ਕਰਜੇ ਦੀ ਮੁੜ ਅਦਾਇਗੀ ਆਦਿ ਸਵੈ ਸਹਾਇਕ ਸਮੂਹ ਦੇ ਮੈਂਬਰਾਂ ਦੀ ਜਾਣਕਾਰੀ ਵਿਚ ਵਾਧਾ ਕਰਦਾ ਹੈ। ਮੁੜ ਭੁਗਤਾਨ ਦਾ ਉਦੇਸ਼, ਰਾਸ਼ੀ, ਵਿਆਜ ਦੀ ਦਰ, ਮੋੜਨ ਦੀ ਸਮਾਂ-ਸਾਰਨੀ ਆਦਿ ਦਾ ਫੈਸਲਾ ਸਮੂਹ ਹੀ ਕਰੇਗਾ।

## ਸੰਦੇਸ਼ 5 : ਸਵੈ ਸਹਾਇਤਾ ਗਰੁੱਪਾਂ ਦੇ ਉਚਿਤ ਸਿਧਾਂਤ (ਭਾਗ 2)



### ਨਿਯਮਿਤ ਆਂਤਰਿਕ ਕਰਜ਼

ਬਾਕਾਇਦਾਂ ਮੁੜ ਅਦਾਇਗੀ ਉਧਾਰ ਦੇਣਾ ਅਤੇ ਉਧਾਰ ਲੈਣਾ ਮੁੱਖ ਤੌਰ ਤੇ ਉਧਾਰ ਲੈਣ ਦੇ ਵਿਸਵਾਸ ਅਤੇ ਭਰੋਸੇ ਦੇ ਅਧਾਰ ਤੇ ਖੜੀ ਹੈ ਸਮੇ ਸਿਰ ਕਿਸਤਾਂ ਦੀ ਅਦਾਇਗੀ ਕਰਨਾ ਉਧਾਰ ਲੈਣ ਵਾਨੀ ਦਾ ਕਰੱਤਵ ਹੈ। ਕਿਸਤਾਂ ਦੀ ਦੇਰੀ ਕਾਰਨ ਜਿਆਂਦਾ ਵਿਆਜ ਦੇਣਾ ਪੈਂਦਾ ਹੈ ਉਸਦੀ ਉਧਾਰ ਹਿਸਟਰੀ ਖਰਾਬੁ ਹੁੰਦੀ ਹੈ ਜਿਸ ਕਾਰਨ ਭਵਿੱਖ ਵਿਚ ਉਧਾਰ ਰਿਕਾਰਡ ਕਾਰਨ ਉਧਾਰ ਲੈਣਾ ਮੁਸ਼ਕਲ ਹੋ ਜਾਂਦਾ ਹੈ।

### ਵਿਅਕਤੀਗਤ ਮੈਂਬਰਾ ਦਾ ਕ੍ਰੈਡਿਟ ਸਕਰ

ਕੈਡਿਟ ਜਾਣਕਾਰੀ ਦੇਣ ਵਾਲੀਆਂ ਕੰਪਨੀਆਂ ਦੁਆਰਾ ਸੰਚਾਲਤ ਕਿਸੇ ਵਿਅਕਤੀ ਦੀ ਕੈਡ੍ਰਿਟ ਵਿਸਵਨੀਅਤ ਦਾ ਲੈਣ ਦੇਣ ਦਾ ਅੰਕੜਾ ਸੰਚਾਲਤ ਕਰਨਾ ਹੈ। ਇਹ ਬੈਕਾਂ ਦੁਆਰਾ ਕਿਸੇ ਵਿਅਕਤੀ ਦੀ ਕਰਜ਼ ਮੋੜਨ ਦੀ ਸੰਭਾਵਨਾ ਦਾ ਮੁਲਕਣ ਕਰਨ ਲਈ ਵਰਤਿਆ ਜਾ ਕ੍ਰੈਡਿਟ ਸਕੌਰ ਹੋਰ ਚੀਜ਼ਾਂ ਦੇ ਵਿਅਕਤੀ ਦੀ ਕ੍ਰੈਡਿਟ ਹਿਸਟਰੀ ਦੇ ਅਧਾਰ ਤੇ ਇਹ 300 ਅਤੇ 900 ਦੇ ਵਿਚਕਾਰ ਨੰਬਰ ਹੈ ਵੱਧ ਨੰਬਰ ਕਿਸੇ ਵਿਅਕਤੀ ਦੀ ਵੱਧ ਕ੍ਰੈਡਿਡ ਵਿਸ਼ੇਸ ਸੀਮਾ ਹੋਣਾ।



## ਕਿਤਾਬੀ ਲੇਖਾ ਜੋਖਾ ਰੱਖਣਾ/ ਵਹੀ ਖਾਤਾ

ਇਹ ਮਹੱਤਵਪੂਰਨ ਹੈ ਕਿ ਐਸ.ਐਚ.ਜੀ. ਵਿਚ ਸਾਰੀਆਂ ਵਿੱਤੀ ਅਤੇ ਗੈਰ ਵਿੱਤੀ ਲੈਣਦੇਣ ਪਾਰਦਰਸ਼ੀ ਹੋਣ। ਇਹ ਸਾਰੇ ਮੈਂਬਰਾਂ ਵਿਚ ਭਰੋਸੇ, ਆਪਸੀ ਵਿਸ਼ਵਾਸ ਅਤੇ ਯਕੀਨ ਨੂੰ ਵਧਾਉਂਦੇ ਹਨ। ਖਾਤੇ ਦੀਆਂ ਬਹੀਆਂ ਅਤੇ ਹੋਰ ਰਿਕਾਰਡ ਜਿਵੇਂ ਕਿ ਮੈਂਬਰਸ਼ਿਪ ਰਜਿਸਟਰ, ਮਿਨਟ ਬੁੱਕ, ਹਾਜਰੀ ਰਜਿਸਟਰ, ਨਕਦ ਬੁੱਕ (ਕੈਸ਼ ਬੁੱਕ) ਆਦਿ, ਨਿਯਮਿਤ ਤੌਰ ਤੇ ਦਾਖਲੇ ਕਰਕੇ ਰੱਖੇ ਜਾਣੇ ਚਾਹੀਦੇ ਹਨ। ਐਸ.ਐਚ.ਜੀ. ਦੇ ਸਾਰੇ ਲੈਣ-ਦੇਣ ਮੈਂਬਰਾਂ ਦੇ ਅਨੁਸਾਰ ਤੇ ਜਮ੍ਹਾ, ਸਵੈਇੱਛਤ ਬੱਚਤ ਅਤੇ ਅੰਦਰੂਨੀ ਕਰਜ਼ਿਆਂ ਸਮੇਤ ਰਿਕਾਰਡ ਕੀਤੇ ਅਤੇ ਸੰਚਾਰ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਮੈਂਬਰ ਉਨ੍ਹਾਂ ਨੂੰ ਸਮਝ ਸਕਣ।

ਫਾਇਦੇ :

1. ਸਮੂਹ ਦੁਆਰਾ ਲਏ ਗਏ ਸਾਰੇ ਫੈਸਲਿਆਂ ਨੂੰ ਸਮੇਂ ਸਮੇਂ ਤੇ ਮੈੱਬਰਾਂ ਨੂੰ ਜਾਣੂ ਕਰਵਾਇਆ ਜਾਂਣਾ, ਜੋ ਭਵਿੱਖ ਵਿਚ ਉਨ੍ਹਾਂ ਨੂੰ ਵਧੀਆ/ਸਹੀ ਫੈਸਲੇ ਲੈਣ ਦੇ ਯੋਗ ਬਣਾਉਂਦੇ ਹਨ।
2. ਕਿਤਾਬੀ ਲੇਖਾ ਜੋਖਾ ਸਮੂਹ ਦੀ ਵਿੱਤੀ ਸਥਿਤੀ ਜਿਵੇਂ ਕਿ ਮੈਂਬਰਾਂ ਦੀਆਂ ਬੱਚਤਾਂ, ਕਰਜ਼ੇ, ਮੈਂਬਰਾਂ ਦੀ ਹਾਜ਼ਰੀ, ਸਮੂਹ ਰਾਸ਼ੀ, ਵਸੂਲੀ ਪ੍ਰਤੀਸ਼ਤ ਆਦਿ ਦਾ ਮੁਲਾਂਕਣ ਕਰਨ ਵਿਚ ਮਦਦ ਕਰਦਾ ਹੈ।
3. ਇਹ ਮੈਂਬਰਾਂ ਵਿਚ ਯਕੀਨ ਅਤੇ ਏਕਤਾ ਬਣਾਏ ਰਖਣ ਵਿਚ ਮਦਦ ਕਰਦਾ ਹੈ।
4. ਇਹ ਸਮੂਹ ਦੀ ਕ੍ਰੈਡਿਟ ਯੋਗਤਾ ਵਧਾ ਕੇ ਸੰਸਥਾਗਤ ਵਿਕਾਸ ਨੂੰ ਉਤਸਾਹਿਤ ਕਰਦਾ ਹੈ।
5. ਇਹ ਸਮੂਹ ਨੂੰ ਇਸ ਦੇ ਪ੍ਰਦਰਸ਼ਨ ਤੇ ਨਜ਼ਰ ਰੱਖਣ ਦੇ ਯੋਗ ਕਰਦਾ ਹੈ।
6. ਉਚਿਤ ਕਿਤਾਬੀ ਲੇਖਾਜੋਖਾ ਪ੍ਰਬਧ ਸਮੂਹ ਨੂੰ ਬਾਹਰੀ ਸੰਸਾਧਨਾਂ ਜਿਵੇਂਕਿ ਬੈਂਕ ਅਤੇ ਹੋਰ ਏਜੰਸੀਆਂ ਦੇ ਕਰਜ਼ੇ ਨੂੰ ਆਕਰਸ਼ਤ ਕਰਨ ਦੇ ਯੋਗ ਬਣਾਉਂਦਾ ਹੈ।
7. ਉਚਿਤ ਕਿਤਾਬੀ ਲੇਖਾਜੋਖਾ ਪ੍ਰਬਧ ਇਸਦੇ ਮੈਂਬਰਾਂ ਨੂੰ ਵਿੱਤੀ ਪਾਰਦਰਸ਼ਿਤਾ ਲਈ ਉਤਸ਼ਾਹਿਤ ਕਰਦੇ ਹਨ, ਜਿਸ ਨਾਲ ਸਮੂਹ ਦੀ ਮਜਬੂਤੀ ਅਤੇ ਸਥਿਰਤਾ ਵੱਧਦੀ ਹੈ।
8. ਇਹ ਜਨਤਕ ਸੰਸਥਾਵਾਂ ਦੀਆਂ ਨਜ਼ਰਾਂ ਵਿਚ ਸਮੂਹ ਨੂੰ ਮਾਨਤਾ ਪ੍ਰਦਾਨ ਕਰਦਾ ਹੈ।
9. ਚੰਗਾ ਕਿਤਾਬੀ ਲੇਖਾ ਜੋਖਾ ਸਮੂਹ ਦੇ ਪ੍ਰਦਰਸ਼ਨ ਨੂੰ ਦਰਜਾ ਦੇਣ ਵਿਚ ਮਦਦ ਕਰਦਾ ਹੈ।

# ਟਾਰਗੇਟ ਖਾਸ ਵਿੱਤੀ ਸਾਖਰਤਾ ਸਮੱਗਰੀ

ਭਾਰਤੀ ਰਿਜ਼ਰਵ ਬੈਂਕ ਦੇ ਕਾਰਜਕਾਰੀ ਡਾਇਰੈਕਟਰ ਸ੍ਰੀ ਦੀਪਕ ਮੋਹਾਂਤੀ ਦੀ ਪ੍ਰਧਾਨਗੀ ਵਿੱਚ ਵਿੱਤੀ ਸਮਾਵੇਸ਼ਨ ਦੇ ਮੱਧਮ ਪੜਾਅ 'ਤੇ ਕਮੇਟੀ ਦੀ ਇਕ ਸਿਫਾਰਿਸ਼ ਇਹ ਸੀ, ਕਿ ਵਿੱਤੀ ਸਾਖਰਤਾ ਦੀ ਇਕ ਤਰਾਂ ਦੀ ਪਹੁੰਚ ਸਭ ਲਈ ਉਚਿੱਤ ਹੋਵੇ ਘੱਟ ਹੀ ਪ੍ਰਮਾਣਕ/ ਅਦਰਸਕ ਹੋ ਸਕੇਗੀ ਕਿਉਂਕਿ ਵੱਖ-ਵੱਖ ਟਾਰਗੇਟ ਗਰੁੱਪਾਂ ਲਈ ਵੱਖ-ਵੱਖ ਵਿੱਤੀ ਸਾਖਰਤਾ ਲੋੜੀਦੀ ਹੋਵੇਗੀ। ਨਤੀਜੇ ਵਜੋਂ, ਸਮੱਗਰੀ ਨੂੰ ਵੱਖ-ਵੱਖ ਟੀਚੇ ਸਮੂਹਾਂ ਲਈ ਅਨੁਕੂਲਿਤ ਕਰਨ ਦੀ ਲੋੜ ਹੈ"

ਭਾਰਤੀ ਰਿਜ਼ਰਵ ਬੈਂਕ ਦੇ ਵਿੱਤੀ ਸਮਾਵੇਸ਼ਨ ਕਰਨ ਅਤੇ ਵਿਕਾਸ ਵਿਭਾਗ ਨੇ ਪੰਜ ਵੱਖ-ਵੱਖ ਟਾਰਗੇਟ ਗਰੁੱਪ ਅਰਥਾਤ ਕਿਸਾਨ, ਛੋਟੇ ਉਦਮੀ, ਸਕੂਲੀ ਬੱਚੇ, ਐਸ.ਐਚ.ਜੀ. ਅਤੇ ਬਿਰਧ ਨਾਗਰਿਕ ਸਮੂਹਾਂ ਲਈ ਅਨੁਕੂਲਿਤ ਵਿੱਤੀ ਸਾਖਰਤਾ ਦੀ ਸਮੱਗਰੀ ਤਿਆਰ ਕੀਤੀ ਹੈ। ਇਹ ਪੁਸਤਕ ਅਨੁਕੂਲ ਵਿੱਤੀ ਸਾਖਰਤਾ ਸਮੱਗਰੀ ਤੇ ਪੰਜ ਕਿਤਾਬਾਂ ਦੀ ਲੜੀ ਵਿੱਚੋਂ ਇੱਕ ਹੈ।

ਬੇਦਾਅਵਾ
ਪਾਠਕ ਨੂੰ ਇਹ ਪੁਸਤਕ ਆਰਥਕ ਤੌਰ ਤੇ ਪੜ੍ਹਾਈ ਕਰਨ ਅਤੇ ਸਿੱਖਿਆ ਦੇਣ ਵਾਲੀ ਸਮੱਗਰੀ ਦੇ ਰੂਪ ਵਿਚ ਪੇਸ਼ ਕੀਤੀ ਹੈ। ਇਹ ਪਾਠਕ ਨੂੰ ਕਿਸੇ ਖਾਸ ਵਿੱਤੀ ਉਤਪਾਦ/ਉਤਪਾਦਾਂ ਜਾਂ ਸੇਵਾ/ਸੇਵਾਵਾਂ ਦੇ ਸਬੰਧ ਵਿਚ ਫੈਸਲਾ ਕਰਨ ਵਿਚ ਪ੍ਰਭਾਵਿਤ ਕਰਨ ਲਈ ਨਹੀਂ ਹੈ।

ਕਾਪੀ ਰਾਈਟ
ਪਹਿਲਾ ਐਡੀਸ਼ਨ - 2018
ਜੇਕਰ ਸਰੋਤ ਨੂੰ ਸਵੀਕਾਰ ਕੀਤਾ ਜਾਂਦਾ ਹੈ ਤਾਂ ਮੁੜ ਉਤਪਾਦਨ ਦੀ ਇਜਾਜਤ ਹੈ।

ਲੇਖਕ ਅਤੇ ਪ੍ਰਕਾਸ਼ਕ :
ਵਿੱਤੀ ਸਮਾਵੇਸ਼ਨ ਅਤੇ ਵਿਕਾਸ ਵਿਭਾਗ,
ਭਾਰਤੀ ਰਿਜ਼ਰਵ ਬੈਂਕ,
10ਵੀਂ ਮੰਜਲ, ਕੇਂਦਰੀ ਕਾਰਯਾਲਆ ਬਿਲਡਿੰਗ
ਸ਼ਹੀਦ ਭਗਤ ਸਿੰਘ ਮਾਰਗ
ਕਿਲਾ
ਮੁੰਬਈ

ਸ਼ੁਕਰਾਨਾ
ਡਿਜਾਈਨ : ਕੌਸ਼ਿਕ ਰਾਮਾ ਚੰਦਰਨ

ਵਿੱਤੀ ਸਮਾਵੇਸ਼ਨ ਅਤੇ ਵਿਕਾਸ ਵਿਭਾਗ,
ਭਾਰਤੀ ਰਿਜ਼ਰਵ ਬੈਂਕ
10ਵੀਂ ਮੰਜ਼ਿਲ, ਕੇਂਦਰੀ ਕਾਰਯਾਲਯਾ
ਮੁੰਬਈ–400001, ਭਾਰਤ